# Punjab PR department organises third religious congregation and Guru Ka Langar to mark birth anniversary of Sri Guru Gobind Singh Ji

## Renowned preacher Bhai Gurmeet Singh Shant recited divine hymns in Basant ragas

Chandigarh, January 15:

Punjab Information and Public Relations Department today organized third religious congregation and Guru Ka Langar dedicated to the birth anniversary of the Tenth Guru, Sri Guru Gobind Singh Ji and for the universal welfare, on the advent of the new year.

During the event, which was held with profound devotion and religious fervour at Gurdwara Sahib, Punjab Civil Secretariat-1 here, Gurdwara Sahib Sector-11's Granthi Bhai Kashmir Singh recitated path of Sri Sukhmani Sahib. Subsequently, the renowned preacher Bhai Gurmeet Singh Shant performed soul-stirring Gurbani Kirtan in the Basant ragas.

The event was attended by Cabinet Minister and AAP State President Mr. Aman Arora, Lok Sabha Member Mr. Gurmeet Singh Meet Hayer, Chief Minister's OSD (Media) Mr. Adil Azmi, Financial Commissioner (Revenue) Mr. Anurag Verma, Secretary General Administration Mrs. Gurpreet Kaur Sapra, PUNSUP MD Mrs. Sonali Giri, Director IPR Mr. Vimal Kumar Setia, ADGP (Traffic) Mr. Amardeep Singh Rai, IG (Hqrs) Mr. Sukhchain Singh Gill, Additional Director PR Mr. Sandeep Singh Garha, Chief Minister's Deputy Principal Secretary Mr. Jagnoor Singh Grewal along with staff from the Information and Public Relations Department and Punjab Civil Secretariat.

Following the spiritual activities, the sangat partook langar. The event saw extensive participation from the journalist community, staff from various departments of Punjab Civil Secretariat-1, Punjab Civil Secretariat-2 and Punjab Legislative Assembly as well as retired DIPR officers. Gurdwara Sahib Shahpur Sector-38, Kamal Sound Dhuri and CISF also paid their contribution in the successful conduct of the event.

——

**ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ**

**ਲੋਕ ਸੰਪਰਕ ਵਿਭਾਗ ਨੇ ਦਸਮ ਪਿਤਾ ਦੇ ਪ੍ਰਕਾਸ਼ ਪੁਰਬ ਅਤੇ ਸਰਬੱਤ ਦੇ ਭਲੇ ਨੂੰ ਸਮਰਪਿਤ ਤੀਸਰਾ**

**ਧਾਰਮਿਕ ਸਮਾਗਮ ਕਰਵਾਇਆ**

**ਪ੍ਰਸਿੱਧ ਕੀਰਤਨੀਏ ਭਾਈ ਗੁਰਮੀਤ ਸਿੰਘ ਸ਼ਾਂਤ ਦੇ ਜਥੇ ਨੇ ਤੰਤੀ ਸਾਜ਼ਾਂ ਨਾਲ ਬਸੰਤ ਮਹੀਨੇ ਦੇ ਰਾਗਾਂ ਵਿੱਚ ਕੀਤਾ ਰਸਭਿੰਨਾ ਗੁਰਬਾਣੀ ਕੀਰਤਨ**

**ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ**

**ਚੰਡੀਗੜ੍ਹ, 15 ਜਨਵਰੀ:**

**ਪੰਜਾਬ ਦੇ ਸੂਚਨਾ ਅਤੇ ਲੋਕ ਸੰਪਰਕ ਵਿਭਾਗ ਵੱਲੋਂ ਅੱਜ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਅਤੇ ਨਵੇਂ ਵਰ੍ਹੇ ਦੀ ਆਮਦ ਮੌਕੇ ਸਰਬੱਤ ਦੇ ਭਲੇ ਲਈ ਤੀਸਰਾ ਧਾਰਮਿਕ ਸਮਾਗਮ ਕਰਵਾਇਆ ਗਿਆ।**

**ਇੱਥੇ ਪੰਜਾਬ ਸਿਵਲ ਸਕੱਤਰੇਤ-1 ਸਥਿਤ ਗੁਰਦੁਆਰਾ ਸਾਹਿਬ ਵਿਖੇ ਕਰਵਾਏ ਗਏ ਸਮਾਗਮ ਦੌਰਾਨ ਗੁਰਦੁਆਰਾ ਸਾਹਿਬ ਸੈਕਟਰ-11 ਦੇ ਗ੍ਰੰਥੀ ਭਾਈ ਕਸ਼ਮੀਰ ਸਿੰਘ ਵੱਲੋਂ ਸੰਗਤੀ ਰੂਪ ਵਿੱਚ ਸੁਖਮਨੀ ਸਾਹਿਬ ਦੇ ਪਾਠ ਕੀਤੇ ਗਏ। ਇਸ ਉਪਰੰਤ ਪ੍ਰਸਿੱਧ ਕੀਰਤਨੀਏ ਭਾਈ ਗੁਰਮੀਤ ਸਿੰਘ ਸ਼ਾਂਤ ਅਤੇ ਉਨ੍ਹਾਂ ਦੇ ਜਥੇ ਨੇ ਤੰਤੀ ਸਾਜ਼ਾਂ ਨਾਲ ਬਸੰਤ ਮਹੀਨੇ ਦੇ ਰਾਗਾਂ ਵਿੱਚ ਰਸਭਿੰਨਾ ਗੁਰਬਾਣੀ ਕੀਰਤਨ ਕੀਤਾ।**

**ਸਮਾਗਮ ਦੌਰਾਨ ਕੈਬਨਿਟ ਮੰਤਰੀ ਤੇ ਆਪ ਦੇ ਸੂਬਾ ਪ੍ਰਧਾਨ ਸ੍ਰੀ ਅਮਨ ਅਰੋੜਾ, ਲੋਕ ਸਭਾ ਮੈਂਬਰ ਸ੍ਰੀ ਗੁਰਮੀਤ ਸਿੰਘ ਮੀਤ ਹੇਅਰ, ਮੁੱਖ ਮੰਤਰੀ ਦੇ ਓ.ਐਸ.ਡੀ. (ਮੀਡੀਆ) ਸ੍ਰੀ ਆਦਿਲ ਆਜ਼ਮੀ, ਵਿੱਤ ਕਮਿਸ਼ਨਰ (ਮਾਲ) ਸ੍ਰੀ ਅਨੁਰਾਗ ਵਰਮਾ, ਸਕੱਤਰ ਆਮ ਰਾਜ ਪ੍ਰਬੰਧ ਸ੍ਰੀਮਤੀ ਗੁਰਪ੍ਰੀਤ ਕੌਰ ਸਪਰਾ, ਪਨਸਪ ਦੇ ਐਮ.ਡੀ. ਸ੍ਰੀਮਤੀ ਸੋਨਾਲੀ ਗਿਰਿ, ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਡਾਇਰੈਕਟਰ ਸ੍ਰੀ ਵਿਮਲ ਕੁਮਾਰ ਸੇਤੀਆ, ਏ.ਡੀ.ਜੀ.ਪੀ. (ਟ੍ਰੈਫਿਕ) ਸ੍ਰੀ ਅਮਰਦੀਪ ਸਿੰਘ ਰਾਏ, ਆਈ.ਜੀ. (ਹੈੱਡਕੁਆਟਰ) ਸ੍ਰੀ ਸੁਖਚੈਨ ਸਿੰਘ ਗਿੱਲ, ਲੋਕ ਸੰਪਰਕ ਵਿਭਾਗ ਦੇ ਵਧੀਕ ਡਾਇਰੈਕਟਰ ਸ੍ਰੀ ਸੰਦੀਪ ਸਿੰਘ ਗੜ੍ਹਾ, ਮੁੱਖ ਮੰਤਰੀ ਦੇ ਡਿਪਟੀ ਪ੍ਰਮੁੱਖ ਸਕੱਤਰ ਸ੍ਰੀ ਜਗਨੂਰ ਸਿੰਘ ਗਰੇਵਾਲ ਤੋਂ ਇਲਾਵਾ ਸੂਚਨਾ ਤੇ ਲੋਕ ਸੰਪਰਕ ਵਿਭਾਗ ਅਤੇ ਪੰਜਾਬ ਸਿਵਲ ਸਕੱਤਰੇਤ ਦੇ ਸਟਾਫ਼ ਨੇ ਭਰਵੀਂ ਹਾਜ਼ਰੀ ਲੁਆਈ।**

**ਇਸ ਦੌਰਾਨ ਜਿੱਥੇ ਪੱਤਰਕਾਰ ਭਾਈਚਾਰਾ, ਪੰਜਾਬ ਸਿਵਲ ਸਕੱਤਰੇਤ-1, ਪੰਜਾਬ ਸਿਵਲ ਸਕੱਤਰੇਤ-2 ਦੇ ਵੱਖ-ਵੱਖ ਵਿਭਾਗਾਂ ਅਤੇ ਪੰਜਾਬ ਵਿਧਾਨ ਸਭਾ ਦੇ ਸਟਾਫ਼ ਸਮੇਤ ਡੀ.ਆਈ.ਪੀ.ਆਰ. ਦੇ ਸੇਵਾਮੁਕਤ ਅਧਿਕਾਰੀਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ, ਉਥੇ ਗੁਰਦੁਆਰਾ ਸਾਹਿਬ ਸ਼ਾਹਪੁਰ ਸੈਕਟਰ -38, ਕਮਲ ਸਾਊਂਡ ਧੂਰੀ ਅਤੇ ਸੀ.ਆਈ.ਐਸ.ਐਫ ਦਾ ਵਿਸ਼ੇਸ ਸਹਿਯੋਗ ਰਿਹਾ। ਸਮਾਗਮ ਮੌਕੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।**

———

सूचना और लोक संपर्क विभाग, पंजाब

**लोक संपर्क विभाग ने दशम पिता के प्रकाश पर्व और सरबत के भले को समर्पित तृतीय धार्मिक**

**समागम आयोजित किया**

**प्रसिद्ध कीर्तनिए भाई गुरमीत सिंह शांत के जत्थे ने तंत्री साज़ों के साथ बसंत माह के रागों में किया रसपूर्ण गुरबाणी कीर्तन**

**गुरु का लंगर अटूट रूप से वितरित किया गया**

**चंडीगढ़, 15 जनवरी:**

पंजाब के सूचना और लोक संपर्क विभाग द्वारा आज दशम पिता श्री गुरु गोबिंद सिंह जी के प्रकाश पर्व को समर्पित और नववर्ष के आगमन के अवसर पर सरबत के भले के लिए तृतीय धार्मिक समागम आयोजित किया गया।

यहां  पंजाब सिविल सचिवालय-1 स्थित गुरुद्वारा साहिब में आयोजित किया गया, जिसमें गुरुद्वारा साहिब सेक्टर-11 के ग्रंथी भाई कश्मीर सिंह द्वारा संगती रूप में सुखमनी साहिब का पाठ किया गया। इसके पश्चात, प्रसिद्ध कीर्तनिए भाई गुरमीत सिंह शांत और उनके जत्थे ने तंत्री साज़ों के साथ बसंत माह के रागों में रसपूर्ण गुरबाणी कीर्तन किया।

समागम के दौरान कैबिनेट मंत्री और आप के प्रदेश प्रधान श्री अमन अरोड़ा, लोकसभा सदस्य श्री गुरमीत सिंह मीत हेयर, मुख्यमंत्री के ओएसडी (मीडिया) श्री आदिल आज़मी, वित्त आयुक्त (राजस्व) श्री अनुराग वर्मा, सचिव आम राज प्रबंध श्रीमती गुरप्रीत कौर सपरा, पनसप की एमडी श्रीमती सोनाली गिरि, सूचना और लोक संपर्क विभाग के निदेशक श्री विमल कुमार सेतिया, एडीजीपी (ट्रैफिक) श्री अमरदीप सिंह राय, आईजी (मुख्यालय) श्री सुखचैन सिंह गिल, लोक संपर्क विभाग के अतिरिक्त निदेशक श्री संदीप सिंह गढ़ा, मुख्यमंत्री के डिप्टी प्रमुख सचिव श्री जगनूर सिंह ग्रेवाल के अलावा सूचना और लोक संपर्क विभाग तथा पंजाब सिविल सचिवालय के कर्मचारियों ने भारी संख्या में भाग लिया।

इस अवसर पर जहां पत्रकार समुदाय, पंजाब सिविल सचिवालय-1 और सचिवालय-2 के विभिन्न विभागों के अधिकारी-कर्मचारी, पंजाब विधानसभा के स्टाफ और डीआईपीआर के सेवानिवृत्त अधिकारी बड़ी संख्या में शामिल हुए, वहीं गुरुद्वारा साहिब शाहपुर सेक्टर-38, कमल साउंड धूरी और सीआईएसएफ का विशेष सहयोग रहा। समागम के मौके पर गुरु का लंगर अटूट रूप से वितरित किया गया।